**ਜਲੰਧਰ ਹਾਊਸਫੈੱਡ ਕੰਪਲੈਕਸ ਸਹਿਕਾਰੀ ਮਕਾਨ ਉਸਾਰੀ ਸਭਾ ਲਿਮ. ਗੁਰੂ ਗੋਬਿੰਦ ਸਿੰਘ ਐਵੇਨਿਊ ਜਲੰਧਰ ਵੱਲੋਂ 28 ਮਈ 2023 ਐਤਵਾਰ ਨੂੰ ਕਰਵਾਏ ਗਏ ਸਾਲਾਨਾ ਆਮ ਇਜਲਾਸ ਵਿਚ ਜਾਰੀ ਏਜੰਡੇ ਅਨੁਸਾਰ ਹੇਠ ਲਿਖੇ ਮਤੇ ਬੁਹਸੰਮਤੀ ਨਾਲ ਪਾਸ ਕੀਤੇ ਗਏ ਹਨ-**

1. ਫਲੈਟਾਂ ਦੀ ਮਹੀਨਾਵਾਰ ਮੇਨਟੀਨੈਂਸ ਫੀਸ 400 ਰੁਪਏ ਤੋਂ ਵਧਾ ਕੇ 800 ਰੁਪਏ (ਅੱਠ ਸੌ ਰੁਪਏ) ਪ੍ਰਤੀ ਮਹੀਨਾ ਕਰ ਦਿੱਤੀ ਗਈ ਹੈ। ਇਹ ਵਧੀ ਹੋਈ ਫੀਸ ਜੂਨ 2023 ਤੋਂ ਲਾਗੂ ਹੋਵੇਗੀ।

2. ਸਭਾ ਦੀਆਂ ਦੋਵੇਂ ਕੈਟੇਗਰੀ ਵਿਚ ਸਥਿਤ ਦੁਕਾਨਾਂ ਦੀ ਬਕਾਇਆ ਪਈ ਫੀਸ ਦੀ ਵਸੂਲੀ ਲਈ ਉਨ੍ਹਾਂ ਨੂੰ 50 ਫੀਸਦੀ ਰਿਆਇਤ ਦੇਣ ਦਾ ਫੈਸਲਾ ਕੀਤਾ ਗਿਆ ਹੈ। ਇਹ ਰਿਆਇਤ ਕੇਵਲ ਇਕ ਵਾਰ ਅਦਾਇਗੀ ਕਰਨ ’ਤੇ ਦਿੱਤੀ ਜਾਵੇਗੀ, ਜੋ 10 ਜੂਨ ਤੱਕ ਹੋਵੇਗੀ।

3. ਡਿਫਾਲਟਰ ਮੈਂਬਰ ਜਿਨ੍ਹਾਂ ਵੱਲੋਂ ਕਈ ਸਾਲਾਂ ਤੋਂ ਫਲੈਟਾਂ ਦੀ ਮੇਨਟੀਨੈਂਸ ਫੀਸ ਦੀ ਅਦਾਇਗੀ ਨਹੀਂ ਕੀਤੀ ਗਈ, ਉਨ੍ਹਾਂ ਨੂੰ ਇਕ ਵਾਰ ਨੋਟਿਸ ਭੇਜਿਆ ਜਾਵੇਗਾ। ਜੇਕਰ ਫਿਰ ਵੀ ਉਹ ਫੀਸ ਅਦਾ ਨਹੀਂ ਕਰਦੇ ਤਾਂ ਉਨ੍ਹਾਂ ਦੀ ਬਕਾਇਆ ਰਹਿੰਦੀ ਅਦਾਇਗੀ ’ਤੇ ਹਾਊਸਫੈੱਡ ਦੇ ਨਿਯਮਾਂ ਅਨੁਸਾਰ ਵਿਆਜ ਦਰ ਲਾਗੂ ਕੀਤੀ ਜਾਵੇਗੀ।

4. ਹਰ ਮੈਂਬਰ ਵੱਲੋਂ ਮੇਨਟੀਨੈਂਸ ਫੀਸ ਦੀ ਅਦਾਇਗੀ ਹਰ ਮਹੀਨੇ ਜਮ੍ਹਾ ਕਰਵਾਉਣੀ ਉਸ ਦੀ ਜਿੰਮੇਵਾਰੀ ਹੈ। ਹਰ ਮੈਂਬਰ ਮਹੀਨੇ ਦੀ 10 ਤਾਰੀਖ ਤੱਕ ਆਪਣੀ ਫੀਸ ਜਮ੍ਹਾ ਕਰਵਾਉਣੀ ਯਕੀਨੀ ਬਣਾਏਗਾ। 11 ਤਾਰੀਖ ਤੋਂ ਬਾਅਦ 10 ਰੁਪਏ (ਦੱਸ ਰੁਪਏ) ਜੁਰਮਾਨੇ ਨਾਲ ਫੀਸ ਵਸੂਲੀ ਜਾਵੇਗੀ। ਜੇਕਰ ਮੈਂਬਰ 20 ਤਾਰੀਖ ਤੱਕ ਵੀ ਫੀਸ ਜਮ੍ਹਾ ਨਹੀਂ ਕਰਵਾਉਂਦਾ ਹੈ ਤਾਂ 21 ਤਾਰੀਖ ਤੋਂ 10 ਰੁਪਏ ਪ੍ਰਤੀ ਦਿਨ ਜੁਰਮਾਨੇ ਦੇ ਹਿਸਾਬ ਨਾਲ ਇਹ ਫੀਸ ਵਸੂਲਣਯੋਗ ਹੋਵੇਗੀ।

5. ਕਿਸੇ ਵੀ ਫਲੈਟ ਦੀ ਵਿਕਰੀ ਸਮੇਂ ਸੁਸਾਇਟੀ ਵੱਲੋਂ ਵਸੂਲੀ ਜਾਂਦੀ 15000/- (ਪੰਦਰਾਂ ਹਜ਼ਾਰ ਰੁਪਏ) ਫੀਸ ਨੂੰ ਵਧਾ ਕੇ 20000/- (ਵੀਹ ਹਜ਼ਾਰ ਰੁਪਏ) ਕੀਤੀ ਜਾਂਦੀ ਹੈ।

6. ਹਰ ਫਲੈਟ ਵਾਸੀ ਨੂੰ ਸੁਸਾਇਟੀ ਦੇ ਅੰਦਰ ਇਕ ਕਾਰ ਖੜੀ ਕਰਨ ਦੀ ਇਜ਼ਾਜਤ ਹੈ ਪ੍ਰੰਤੂ ਹੁਣ ਕਾਰਾਂ ਦੀ ਬਹੁਤਾਤ ਕਾਰਨ ਫੈਸਲਾ ਕੀਤਾ ਗਿਆ ਇਕ ਫਲੈਟ ਵਾਸੀ ਹੁਣ ਦੋ ਕਾਰਾਂ ਖੜੀਆਂ ਕਰ ਸਕੇਗਾ। ਜੇਕਰ ਫਲੈਟ ਵਾਸੀ ਦੋ ਤੋਂ ਵੱਧ ਕਾਰਾਂ ਖੜੀਆਂ ਕਰਦਾ ਹੈ ਤਾਂ ਉਸ ਪਾਸੋਂ 500/- (ਪੰਜ ਸੌ ਰੁਪਏ) ਪ੍ਰਤੀ ਮਹੀਨਾ ਵਸੂਲਿਆ ਜਾਵੇਗਾ।

7. ਸਭਾ ਦਾ ਸਹਿਕਾਰੀ ਬੈਂਕ ਵਿਚ ਚਲਦਾ ਖਾਤਾ ਜਾਰੀ ਰਹੇਗਾ ਪ੍ਰੰਤੂ ਕਿਸੇ ਰਾਸ਼ਟਰੀ ਬੈਂਕ ਵਿਚ ਇਕ ਹੋਰ ਖਾਤਾ ਖੋਲਿਆ ਜਾਵੇਗਾ, ਜਿਸ ਨਾਲ ਮੈਂਬਰਾਂ ਨੂੰ ਆਨਲਾਈਨ ਫੀਸ ਜਮ੍ਹਾਂ ਕਰਵਾਉਣ ਦੀ ਸਹੂਲਤ ਰਹੇਗੀ।

# ਜਲੰਧਰ ਹਾਊਸਫੈੱਡ ਕੰਪਲੈਕਸ ਸਹਿਕਾਰੀ ਹਾਊਸ ਬਿਲਡਿੰਗ ਸੁਸਾਇਟੀ ਲਿਮ.

ਗੁਰੂ ਗੋਬਿੰਦ ਸਿੰਘ ਐਵੇਨਿਊ, ਜਲੰਧਰ (144001)

## The Jalandhar Housefed Complex Cooperative House Building Society Ltd.

**Guru Gobind Singh Avenue, Jalandhar. (144001)**

Ref No. 255/2024/SPL. **Email: housefedsocietyjal@gmail.com WhatsApp: 9815441665** Date 07.04.2024

President

Jaspreet Singh Saini
9815431665

Sen. Vice President

Surinder Singh
9988628899

Vice President

Chander Shekhar
9996822530

Members

Rameshpal Sharma
8288946411

Tarsem Singh
9162946672

Rajinder Singh
7087107023

Kanchan Lakhani
9988223051

Gopi Sharma
9888014241

## ਸਾਲਾਨਾ ਆਮ ਇਜਲਾਸ 2024 ਦੌਰਾਨ ਪਾਸ ਮਤੇ

7 ਅਪ੍ਰੈਲ 2024

1. ਸਭਾ ਦਾ ਦਫਤਰ ਬਣਾਉਣ ਲਈ ਕਮਰੇ ਦਾ ਨਿਰਮਾਣ ਕਰਨ ਬਾਰੇ ਵਿਚਾਰ ਕੀਤਾ ਗਿਆ। ਇਸ ਲਈ ਸਾਰੇ ਮੈਂਬਰਾਂ ਨੇ ਸਹਿਮਤੀ ਪ੍ਰਗਟਾਈ ਕਿ ਕਮੇਟੀ ਦੀ ਲੋੜ ਅਨੁਸਾਰ ਕਮਰਾ ਨਿਰਮਾਣ ਕਰ ਲਿਆ ਜਾਵੇ। ਇਸ ਸਬੰਧੀ ਕਮੇਟੀ ਨੂੰ ਪੂਰੇ ਅਧਿਕਾਰ ਦਿੱਤੇ ਜਾਂਦੇ ਹਨ।
2. ਦੋਵੇਂ ਪਾਕਿਟਾਂ ਵਿਚ ਮੀਂਹ ਦੇ ਪਾਣੀ ਨੂੰ ਰੀਚਾਰਜ ਕਰਨ ਲਈ ਕਮੇਟੀ ਨੂੰ ਅਧਿਕਾਰ ਦਿੱਤੇ ਜਾਂਦੇ ਹਨ। ਕਮੇਟੀ ਆਪਣੇ ਪੱਧਰ 'ਤੇ ਐਸਟੀਮੇਟ ਤਿਆਰ ਕਰਕੇ ਆਪਣੇ ਬਜਟ ਅਨੁਸਾਰ ਇਹ ਪਲਾਂਟ ਤਿਆਰ ਕਰ ਲਿਆ ਜਾਵੇ।
3. ਦੋਵੇਂ ਪਾਕਿਟਾਂ ਵਿਚ ਬੂਥ ਬਣਾ ਕੇ ਸਭਾ ਦੀ ਆਮਦਨ ਵਧਾਉਣ ਦਾ ਉਪਰਾਲਾ ਕਰ ਸਕਦੀ ਹੈ। ਇਸ ਲਈ ਸਹਿਮਤੀ ਦਿੱਤੀ ਜਾਂਦੀ ਹੈ।
4. ਦੁਕਾਨਾਂ ਦੀ ਟਰਾਂਸਫਰ ਫੀਸ ਘਟਾ ਕੇ ₹10000/- ਕਰਨ ਦੀ ਪ੍ਰਵਾਨਗੀ ਕਮੇਟੀ ਨੂੰ ਦਿੱਤੀ ਜਾਂਦੀ ਹੈ।
5. ਸੂਰਜੀ ਊਰਜਾ ਪਲਾਂਟ ਦੋਵੇਂ ਕੈਟੇਗਰੀ ਵਿਚ ਲਗਾਉਣ ਦੀ ਪ੍ਰਬੰਧਕ ਕਮੇਟੀ ਨੂੰ ਪ੍ਰਵਾਨਗੀ ਦਿੱਤੀ ਜਾਂਦੀ ਹੈ।
6. ਸਭਾ ਦੀਆਂ ਦੋਵੇਂ ਪਾਕਿਟਾਂ ਵਿਚ ਮੁੱਖ ਗੇਟਾਂ ਦੇ ਸੁੰਦਰੀਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।
7. ਸਭਾ ਦੇ ਮੈਂਬਰ ਕੋਈ ਬਕਾਇਆ ਨਹੀਂ ਸਰਟੀਫਿਕੇਟ ਲੈਣ ਤੋਂ ਪਹਿਲਾਂ ਟਰਾਂਸਫਰ ਫੀਸ ਸਭਾ ਦੇ ਫੰਡ ਵਿਚ ਜਮ੍ਹਾ ਕਰਵਾਏ ਜਾਣਾ ਯਕੀਨੀ ਬਣਾਏ ਜਾਣ, ਇਸ ਸਬੰਧੀ ਕਮੇਟੀ ਨੂੰ ਅਧਿਕਾਰ ਦਿੱਤਾ ਜਾਂਦਾ ਹੈ।
8. ਟਰਾਂਸਫਰ ਫੀਸ ਪ੍ਰਤੀ ਫਲੈਟ ₹25000/- ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਸਭਾ ਦੀ ਕਮੇਟੀ ਨੂੰ ਅਧਿਕਾਰ ਹੈ।

# ਜਲੰਧਰ ਹਾਊਸਫੈੱਡ ਕੰਪਲੈਕਸ ਸਹਿਕਾਰੀ ਹਾਊਸ ਬਿਲਡਿੰਗ ਸੁਸਾਇਟੀ ਲਿਮ.

ਗੁਰੂ ਗੋਬਿੰਦ ਸਿੰਘ ਐਵੇਨਿਊ, ਜਲੰਧਰ (144001)

## The Jalandhar Housefed Complex Cooperative House Building Society Ltd.

**Guru Gobind Singh Avenue, Jalandhar. (144001)**

Ref No. 255/2024/SHC. **Email: housefedsocietyjal@gmail.com WhatsApp: 9815441665** Date 07.04.2025

President

Jaspreet Singh Saini
9815431665

Sen. Vice President

Surinder Singh
9988628899

Vice President

Chander Shekhar
9996822530

Members

Rameshpal Sharma
8288946411

Tarsem Singh
9162946672

Rajinder Singh
7087107023

Kanchan Lakhani
9988223051

Gopi Sharma
9888014241

9. ਜਿਨ੍ਹਾਂ ਮੈਂਬਰਾਂ ਦੇ ਨਾਂਅ 'ਤੇ ਕੋਈ ਫਲੈਟ ਜਾਂ ਦੁਕਾਨ੍ਹ ਨਹੀਂ ਹੈ, ਉਨ੍ਹਾਂ ਦੀ ਮੈਂਬਰਸ਼ਿਪ ਖਾਰਜ ਕਰਕੇ ਉਸ ਦਾ ਸਭਾ ਵਿਚਲਾ ਹਿੱਸਾ ਰਾਖਵਾਂ ਰੱਖਿਆ ਜਾਵੇਗਾ। ਜਦੋਂ ਮੈਂਬਰ ਸਭਾ ਨਾਲ ਸੰਪਰਕ ਕਰੇਗਾ ਤਾਂ ਉਸਦਾ ਹਿੱਸਾ ਵਾਪਸ ਕਰ ਦਿੱਤਾ ਜਾਵੇਗਾ।
10. ਸਭਾ ਦੀਆਂ ਦੋਵੇਂ ਪਾਕਿਟਾਂ ਵਿਚ ਈ.ਵੀ. ਚਾਰਜਰ ਲਗਾਉਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਈ-ਰਿਕਸ਼ਾ ਲਈ ਈ-ਚਾਰਜਰ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।
11. ਸਭਾ ਦੀਆਂ ਦੋਵੇਂ ਕੈਟੇਗਰੀ ਦੀਆਂ ਬਾਹਰੀ ਦੀਵਾਰਾਂ 'ਤੇ ਇਸ਼ਤਿਹਾਰ ਲਗਾਉਣ ਦੀ ਸਭਾ ਦੀ ਕਮੇਟੀ ਨੂੰ ਪ੍ਰਵਾਨਗੀ ਦਿੱਤੀ ਜਾਂਦੀ ਹੈ। ਇਸ ਨਾਲ ਆਮਦਨ ਵਧਾਉਣ ਲਈ ਯਤਨ ਕੀਤੇ ਜਾਣਗੇ। ਇਸ ਲਈ ਸਹਿਮਤੀ ਦਿੱਤੀ ਜਾਂਦੀ ਹੈ।

ਜਲੰਧਰ ਹਾਊਸਫੈੱਡ ਕੰਪਲੈਕਸ ਸਹਿਕਾਰੀ ਹਾਊਸ ਬਿਲਡਿੰਗ ਸੁਸਾਇਟੀ ਲਿਮ.

ਗੁਰੂ ਗੋਬਿੰਦ ਸਿੰਘ ਐਵੇਨਿਊ, ਜਲੰਧਰ (144001)

The Jalandhar Housefed Complex Cooperative House Building Society Ltd.

Guru Gobind Singh Avenue, Jalandhar. (144001)

Regd. No. : 1946/13.03.2002 https://housefedsocietyjal.in

Ref No. ਹਨਨ/2025/34 Email: housefedsocietyjal@gmail.com WhatsApp: 9815441665 Date 29 MAR 2025

President

Jaspreet Singh Saini
9815431665

Sr. Vice President

Surinder Singh
9988628899

Vice President

Chander Shekhar
9996822530

Members

Rameshpal Sharma
8288946411

Tarsem Singh
9162946672

Rajinder Singh
7087107023

Kanchan Lakhani
9988223051

# ਸਾਲਾਨਾ ਆਮ ਇਜਲਾਸ 2025 ਦੌਰਾਨ ਪਾਸ ਕੀਤੇ ਗਏ ਮਤੇ

09 ਮਾਰਚ 2025

1. ਸਾਲ 2025-26 ਦੇ ਬਜਟ ਵਾਰੇ ਵਿਚਾਰ ਕੀਤਾ ਅਤੇ ਇਸ ਸਬੰਧੀ ਜੋ ਵੀ ਯੋਜਨਾਵਾਂ ਪ੍ਰਬੰਧਕ ਕਮੇਟੀ ਵੱਲੋਂ ਬਣਾਈਆਂ ਜਾਣਗੀਆਂ ਸਭਾ ਸਰਬਸੰਮਤੀ ਨਾਲ ਉਨ੍ਹਾਂ ਨੂੰ ਪ੍ਰਵਾਨਗੀ ਦਿੰਤੀ ਹੈ।

2. ਸਭਾ ਦੇ ਸਾਲ 2024-25 ਦੇ ਖਰਚਿਆਂ ਦਾ ਸਮੁੱਚਾ ਵੇਰਵਾ ਇਜਲਾਸ ਵਿਚ ਸਾਂਝਾ ਕੀਤਾ ਗਿਆ ਅਤੇ ਸਮੂਹ ਮੈਂਬਰਾਂ ਨੇ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ।

3. ਮੀਂਹ ਦੇ ਪਾਣੀ ਦੀ ਸੰਭਾਲ ਲਈ Rain Water Harvesting Plant ਲਾਉਣ ਲਈ ਪ੍ਰਵਾਨਗੀ ਦਿੱਤੀ ਜਾਂਦੀ ਹੈ। ਇਸ ਸਬੰਧੀ ਫੰਡ ਜਟਾਉਣ ਲਈ ਕਮੇਟੀ ਜੋ ਵੀ ਫੈਸਲਾ ਕਰੇਗੀ, ਉਸ ਨੂੰ ਪ੍ਰੰਬਧਕ ਕਮੇਟੀ ਆਪਣੇ ਪੱਧਰ 'ਤੇ ਯੋਜਨਾ ਬਣਾ ਕੇ ਪਾਸ ਕਰ ਸਕਦੀ ਹੈ। ਪ੍ਰਬੰਧਕ ਕਮੇਟੀ ਨੂੰ ਅਧਿਕਾਰ ਦਿੱਤਾ ਜਾਂਦਾ ਹੈ।

4. ਸਭਾ ਦੀਆਂ ਦੋਵੇਂ ਪਾਕਿਟਾਂ ਵਿਚ ਨਗਰ ਨਿਗਮ ਜਲੰਧਰ ਪਾਸੋਂ ਪਾਣੀ ਦੇ ਕੁਨੈਕਸ਼ਨ ਪ੍ਰਾਪਤ ਕੀਤੇ ਜਾਣਗੇ। ਇਸ ਸਬੰਧੀ ਜੋ ਵੀ ਦਸਤਾਵੇਜ਼ੀ, ਵਿੱਤੀ ਅਤੇ ਹੋਰ ਖਰਚੇ ਆਦਿ ਹੋਣਗੇ, ਉਨ੍ਹਾਂ ਲਈ ਪ੍ਰਬੰਧਕ ਕਮੇਟੀ ਨੂੰ ਅਧਿਕਾਰ ਦਿੱਤਾ ਜਾਂਦੇ ਹਨ।

5. ਸਭਾ ਦੀਆਂ ਦੋਵੇਂ ਪਾਕਿਟਾਂ ਦਾ ਸੀਵਰੇਜ ਰੈਗੂਲਰ ਕਰਵਾਉਣ ਉਪਰੰਤ ਸਭਾ ਦੇ ਵਧੇ ਖਰਚਿਆਂ ਦੇ ਮੱਦੇਨਜ਼ਰ ਸਾਰੇ ਮੈਂਬਰਾਂ ਵੱਲੋਂ ਵਿਚਾਰ ਪੇਸ਼ ਕਰਨ ਉਪਰੰਤ ਬਹੁਸੰਮਤੀ ਮੈਂਬਰਾਂ ਦੀ ਸਹਿਮਤੀ ਵਾਲ ਫੈਸਲਾ ਕੀਤਾ ਗਿਆ ਕਿ ਅਪ੍ਰੈਲ 2025 ਤੋਂ ਪਾਕਿਟ ਨੰ: 1 ਦੇ ਮੇਨਟੀਨੈਂਸ ਫੀਸ ₹1000/- (ਇਕ ਹਜ਼ਾਰ ਰੁਪਏ) ਅਤੇ ਪਾਕਿਟ-2 ਦੀ ਮੇਨਟੀਨੈਂਸ ਫੀਸ ₹1200/- (ਇਕ ਹਜ਼ਾਰ ਦੋ ਸੌ ਰੁਪਏ) ਨੀਯਤ ਕੀਤੀ ਗਈ ਹੈ। ਸਾਰੇ ਮੈਂਬਰਾਂ ਦੀ ਸਹਿਮਤੀ ਨਾਲ ਪ੍ਰਵਾਨ ਹੈ।

6. ਪਾਕਿਕ-2 ਵਿਚ ਬਣਿਆ ਕਮਿਊਨਿਟੀ ਹਾਲ ਅਤੇ ਮੋਟਰ ਵਾਲਾ ਕਮਰਾ ਲੰਬੇ ਸਮੇਂ ਤੋਂ ਖ਼ਾਲੀ ਪਏ ਹੋਏ ਹਨ। ਇਨ੍ਹਾਂ ਦੀ ਵਰਤੋਂ ਨਾ ਹੋਣ ਕਾਰਨ ਸਾਂਭ-ਸੰਭਾਲ 'ਤੇ ਬੇਲੋੜਾ ਖਰਚ ਹੋ ਰਿਹਾ ਹੈ। ਇਨ੍ਹਾਂ ਦੀ ਵਰਤੋਂ ਯਕੀਨੀ ਬਣਾਉਣ 'ਤੇ ਵਿਚਾਰ ਹੋਇਆ ਤਾਂ ਜੋ ਇਨ੍ਹਾਂ ਦੀ ਹਾਲਤ ਠੀਕ ਰਹੇ। ਇਨ੍ਹਾਂ ਨੂੰ ਕਿਰਾਏ 'ਤੇ ਦੇਣ ਜਾਂ ਹੋਰ ਕਿਸੇ ਵਰਤੋਂ ਕਰਨ ਦੇ ਅਧਿਕਾਰ ਪ੍ਰਬੰਧਕ ਕਮੇਟੀ ਨੂੰ ਦਿੱਤੇ ਜਾਂਦੇ ਹਨ।

The Jalandhar Housefed Complex CHBS Ltd. Jalandhar

Gudlife FITNESS
Mob.: 7717636106

President

Jaspreet Singh Saini
9815431665

Sr. Vice President

Surinder Singh
9988628899

Vice President

Chander Shekhar
9996822530

Members

Rameshpal Sharma
8288946411

Tarsem Singh
9162946672

Rajinder Singh
7087107023

Kanchan Lakhani
9988223051


7. ਸਭਾ ਦੀਆਂ ਦੋਵੇਂ ਪਾਕਿਟਾਂ ਦੀਆਂ ਮੇਨ ਦੀਵਾਰਾਂ ਦੇ ਦੱਖਣੀ ਹਿੱਸਿਆਂ 'ਚ ਹੰਗਾਮੀ ਹਾਲਤ ਵਿਚ (Emergency) ਵਰਤੋਂ ਲਈ ਇਕ-ਇਕ ਗੇਟ ਬਣਾਉਣ ਲਈ ਵਿਚਾਰ ਉਪਰੰਤ ਫੈਸਲਾ ਕੀਤਾ ਹੋਇਆ ਕਿ ਕਿਸੇ ਵੀ ਕੁਦਰਤੀ ਆਫਤ, ਅਣਸੁਖਾਂਵੀ ਘਟਨਾ ਅਤੇ ਹੰਗਾਮੀ ਸਥਿਤੀ ਲਈ ਬਾਹਰ ਨਿਕਲਣ ਜਾਂ ਅੰਦਰ ਦਾਖਲ ਹੋਣ ਲਈ ਇਕ-ਇਕ ਗੇਟ ਬਣਾਉਣ ਦਾ ਫੈਸਲਾ ਕਰਨ ਦਾ ਅਧਿਕਾਰ ਮੌਜੂਦਾ ਪ੍ਰਬੰਧਕ ਕਮੇਟੀ ਨੂੰ ਦਿੱਤਾ ਜਾਂਦਾ ਹੈ। ਪ੍ਰਵਾਨ ਹੈ।

8. ਸਭਾ ਦੀਆਂ ਦੋਵੇਂ ਪਾਕਿਟਾਂ ਵਿਚ ਫਲੈਟਾਂ ਵਿਚਾਲੇ ਕਿਸੇ ਵਿਵਾਦ ਅਤੇ ਤਕਨੀਕੀ ਨੁਕਸ ਸਮੇਂ ਮਸਲੇ ਨੂੰ ਸੁਲਝਾਉਣ ਲਈ ਪ੍ਰਬੰਧਕ ਕਮੇਟੀ ਨੂੰ ਅਧਿਕਾਰਤ ਕੀਤਾ ਜਾਂਦਾ ਹੈ। ਜੇਕਰ ਕੋਈ ਫਲੈਟ ਮੈਂਬਰ ਤੁਰੰਤ ਨੁਕਸ ਦੂਰ ਕਰਨ ਲਈ ਸਹਿਮਤ ਨਾ ਹੋਵੇ ਤਾਂ ਪ੍ਰਬੰਧਕ ਕਮੇਟੀ ਬਹੁਸੰਮਤੀ ਨਾਲ ਫੈਸਲਾ ਕਰਕੇ ਉਸ ਮਸਲੇ ਦਾ ਹੱਲ ਕੱਢੇਗੀ ਜਾਂ ਨੁਕਸ ਦੂਰ ਕਰੇਗੀ। ਇਸ 'ਤੇ ਜੋ ਵੀ ਖਰਚ ਆਵੇਗਾ, ਉਸ ਵਸੂਲੀ ਦਾ ਫੈਸਲਾ ਪ੍ਰਬੰਧਕ ਕਮੇਟੀ ਕਰੇਗੀ ਤੇ ਅਦਾਇਗੀ ਨਾ ਕਰਨ 'ਤੇ ਉਸ ਮੈਂਬਰ ਦੇ ਖਾਤੇ ਵਿਚ ਉਕਤ ਰਾਸ਼ੀ ਬਕਾਇਆ ਰਾਸ਼ੀ ਵਜੋਂ ਦਰਜ ਕੀਤੀ ਜਾਵੇਗੀ। ਇਮਾਰਤ ਦੀ ਸਾਂਭ-ਸੰਭਾਲ ਅਤੇ ਬਿਹਤਰੀ ਲਈ ਪ੍ਰਬੰਧਕ ਕਮੇਟੀ ਦਾ ਫੈਸਲਾ ਸਾਰੀਆਂ ਧਿਰਾਂ ਪ੍ਰਵਾਨ ਕਰਨ ਲਈ ਪਾਬੰਦ ਹੋਣਗੀਆਂ।

9. ਸਭਾ ਨਾਲ ਸਬੰਧਤ ਮੈਂਬਰਾਂ ਦੇ ਕੰਮਾਂ ਦੀਆਂ ਫਾਈਲਾਂ ਮਹੀਨਿਆਂਬੱਧੀ ਹਾਊਸਫੈੱਡ ਮੁੱਖ ਦਫਤਰ ਵਿਖੇ ਲਟਕਦੀਆਂ ਰਹਿੰਦੀਆਂ ਹਨ। ਇਸ ਸਬੰਧੀ ਹਾਊਸਫੈੱਡ ਨੂੰ ਮਤਾ ਪਾਸ ਕਰਕੇ ਭੇਜਿਆ ਜਾਂਦਾ ਹੈ ਕਿ ਸਾਰੇ ਕੰਮਾਂ ਦੇ ਨਿਪਟਾਰੇ ਲਈ ਜ਼ਿਲ੍ਹਾ ਦਫਤਰ ਅਤੇ ਮੁੱਖ ਦਫਤਰ ਵਿਖੇ ਸਾਰੇ ਕੰਮਾਂ ਲਈ ਸਮਾਂ ਸੀਮਾ ਨਿਰਧਾਰਿਤ ਕੀਤੀ ਜਾਵੇ ਤਾਂ ਜੋ ਸਭਾ ਅਤੇ ਮੈਂਬਰਾਂ ਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ।

10. ਅੱਜ ਦਾ ਇਜਲਾਸ ਸਰਬਸੰਮਤੀ ਨਾਲ ਮਤਾ ਪਾਸ ਕਰਦਾ ਹੈ ਕਿ ਹਾਊਸਫੈੱਡ ਪੰਜਾਬ ਵੱਲੋਂ ਫਲੈਟਾਂ ਦੀ ਵਸੂਲੀ ਜਾਂਦੀ ਟਰਾਂਸਫਰ ਫੀਸ ਜੋ ਪਾਕਿਟ-1 ਲਈ ₹100000/- ਅਤੇ ਪਾਕਿਟ-2 ਲਈ ₹75000/- ਹੈ, ਨੂੰ ਘਟਾ ਕੇ ਕ੍ਰਮਵਾਰ ₹75000/- ਅਤੇ ₹50000/- ਕੀਤਾ ਜਾਵੇ।

Secretary
The Jalandhar Housefed Complex
CHBS Ltd., Jalandhar


**Gudlife FITNESS**
Mob.: 7717636106